Punjabi | ਪੰਜਾਬੀ

# ਸਹੀ ਮੱਦਦ। ਸਹੀ ਸਮੇਂ 'ਤੇ।



# 100 ਡਾਲਰ ਦਾ ਪਾਵਰ ਸੇਵਿੰਗ ਬੋਨਸ: ਕਮਿਊਨਿਟੀ ਆਊਟਰੀਚ ਪ੍ਰੋਗਰਾਮ

ਸਾਡੇ ਕਮਿਊਨਿਟੀ ਆਊਟਰੀਚ ਪ੍ਰੋਗਰਾਮ ਰਾਹੀਂ $100 ਪਾਵਰ ਸੇਵਿੰਗ ਬੋਨਸ ਲਈ ਅਰਜ਼ੀ ਦੇਣ ਲਈ ਰਿਆਇਤ ਕਾਰਡ ਧਾਰਕਾਂ ਲਈ ਫ਼ੋਨ 'ਤੇ ਅਤੇ ਵਿਅਕਤੀਗਤ ਸਹਾਇਤਾ ਉਪਲਬਧ ਹੈ।

## 100 ਡਾਲਰ ਦਾ 'ਊਰਜਾ ਬੱਚਤ ਬੋਨਸ' (ਪਾਵਰ ਸੇਵਿੰਗ ਬੋਨਸ)

ਪਾਵਰ ਸੇਵਿੰਗ ਬੋਨਸ $100 ਦਾ ਭੁਗਤਾਨ ਹੈ, ਜੋ ਵਿਕਟੋਰੀਆ ਦੇ ਲੋੜਵੰਦ ਲੋਕਾਂ ਨੂੰ ਰਹਿਣ-ਸਹਿਣ ਦੇ ਵੱਧਦੇ ਖ਼ਰਚੇ ਨਾਲ ਨਿਪਟਣ ਅਤੇ ਊਰਜਾ ਬਿੱਲਾਂ ਨੂੰ ਘਟਾਉਣ ਵਿੱਚ ਅਸਲੀ ਮੱਦਦ ਪ੍ਰਦਾਨ ਕਰਦਾ ਹੈ। ਵਿਕਟੋਰੀਆ ਦੇ ਉਹ ਘਰ ਜਿਨ੍ਹਾਂ ਕੋਲ ਯੋਗਤਾ ਵਾਲਾ ਰਿਆਇਤੀ ਕਾਰਡ ਹੈ, ਉਹ ਵਿਕਟੋਰੀਅਨ ਐਨਰਜੀ ਕੰਪੇਅਰ ਦੀ ਵੈੱਬਸਾਈਟ - compare.energy.vic.gov.au - ਰਾਹੀਂ ਔਨਲਾਈਨ ਅਰਜ਼ੀ ਦੇ ਸਕਦੇ ਹਨ ਜਾਂ ਕਮਿਊਨਿਟੀ ਆਊਟਰੀਚ ਪ੍ਰੋਗਰਾਮ ਰਾਹੀਂ ਅਰਜ਼ੀ ਦੇ ਸਕਦੇ ਹਨ।

## ਕਮਿਊਨਿਟੀ ਆਊਟਰੀਚ ਪ੍ਰੋਗਰਾਮ

ਰਿਆਇਤੀ ਕਾਰਡ ਧਾਰਕ, ਜਿਨ੍ਹਾਂ ਨੂੰ $100 ਦਾ ਭੁਗਤਾਨ ਲੈਣ ਲਈ ਅਰਜ਼ੀ ਦੇਣ ਲਈ ਸਹਾਇਤਾ ਦੀ ਲੋੜ ਹੈ, ਉਹ ਕਮਿਊਨਿਟੀ ਆਊਟਰੀਚ ਪ੍ਰੋਗਰਾਮ ਰਾਹੀਂ ਫ਼ੋਨ 'ਤੇ ਜਾਂ ਵਿਅਕਤੀਗਤ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

ਯੋਗਤਾ ਵਾਲੇ ਪਰਿਵਾਰ 1800 000 832 'ਤੇ ਕਾਲ ਕਰਕੇ ਫ਼ੋਨ ਰਾਹੀਂ ਆਪਣੇ $100 ਦੇ ਪਾਵਰ ਸੇਵਿੰਗ ਬੋਨਸ ਲਈ ਅਰਜ਼ੀ ਦੇ ਸਕਦੇ ਹਨ ਜਾਂ ਆਪਣੇ ਇਲਾਕੇ ਵਿੱਚ ਸ਼ਾਮਲ ਕਿਸੇ ਕਮਿਊਨਟੀ ਆਊਟਰੀਚ ਸਾਥੀ ਨਾਲ ਸੰਪਰਕ ਕਰ ਸਕਦੇ ਹਨ।

## ਯੋਗਤਾ ਸ਼ਰਤਾਂ

ਯੋਗ ਹੋਣ ਲਈ, ਪਰਿਵਾਰਾਂ ਕੋਲ ਇਹ ਚੀਜ਼ਾਂ ਹੋਣੀਆਂ ਲਾਜ਼ਮੀ ਹਨ:

- ਇੱਕ ਤਾਜ਼ਾ ਰਿਹਾਇਸ਼ੀ ਬਿਜਲੀ ਬਿੱਲ
- ਹੇਠ ਲਿਖੇ ਰਿਆਇਤ ਕਾਰਡਾਂ ਵਿੱਚੋਂ ਕੋਈ ਇੱਕ ਹੋਣਾ ਚਾਹੀਦਾ ਹੈ:
  - ਹੈਲਥ ਕੇਅਰ ਕਾਰਡ
  - ਪੈਨਸ਼ਨਰ ਰਿਆਇਤ ਕਾਰਡ
  - ਵੈਟਰਨਜ਼ ਅਫੇਅਰਜ਼ ਪੈਨਸ਼ਨਰ ਰਿਆਇਤ ਕਾਰਡ
  - ਵੈਟਰਨਜ਼ ਅਫੇਅਰਜ਼ ਗੋਲਡ ਕਾਰਡ।

ਹਰ ਘਰ ਲਈ ਸਿਰਫ਼ ਇੱਕ ਭੁਗਤਾਨ ਹੀ ਉਪਲਬਧ ਹੈ।



**$100 ਦੇ ਪਾਵਰ ਸੇਵਿੰਗ ਬੋਨਸ ਲਈ ਅਰਜ਼ੀ ਦੇਣ ਲਈ, compare.energy.vic.gov.au** ਵੈੱਬਸਾਈਟ 'ਤੇ ਜਾਓ ਜਾਂ ਫ਼ੋਨ ਰਾਹੀਂ ਜਾਂ ਕਮਿਊਨਟੀ ਆਊਟਰੀਚ ਪ੍ਰੋਗਰਾਮ ਰਾਹੀਂ ਫ਼ੋਨ 'ਤੇ ਜਾਂ ਵਿਅਕਤੀਗਤ ਤੌਰ 'ਤੇ ਅਰਜ਼ੀ ਦਿਓ।

VICTORIAN ENERGY COMPARE

VICTORIA State Government

## ਇਹ ਕਿਸ ਤਰ੍ਹਾਂ ਕੰਮ ਕਰਦਾ ਹੈ

1. ਜਾਂਚ ਕਰੋ ਕਿ ਤੁਸੀਂ 100 ਡਾਲਰ ਦੇ ਪਾਵਰ ਸੇਵਿੰਗ ਬੋਨਸ ਦੇ ਯੋਗ ਹੋ।
2. ਹੇਠ ਲਿਖੇ ਦਸਤਾਵੇਜ਼ ਤਿਆਰ ਰੱਖੋ:
   - ਹਾਲ ਹੀ ਵਿੱਚ ਆਏ ਬਿਜਲੀ ਦੇ ਬਿੱਲ ਦੀ ਇੱਕ ਕਾਪੀ
   - ਯੋਗਤਾ ਵਾਲਾ ਰਿਆਇਤੀ ਕਾਰਡ
   - ਤੁਹਾਡਾ ਡਰਾਈਵਿੰਗ ਲਾਇਸੈਂਸ ਜਾਂ ਮੈਡੀਕੇਅਰ ਕਾਰਡ*

   ਤੁਹਾਨੂੰ ਆਪਣੀ ਪਛਾਣ ਅਤੇ ਯੋਗਤਾ ਦੀ ਪੁਸ਼ਟੀ ਕਰਨ ਲਈ ਇਹਨਾਂ ਦਸਤਾਵੇਜ਼ਾਂ ਤੋਂ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ।
3. ਫ਼ੋਨ 'ਤੇ ਜਾਂ ਵਿਅਕਤੀਗਤ ਤੌਰ 'ਤੇ ਅਰਜ਼ੀ ਦੇਣ ਲਈ ਇਸ ਪੰਨੇ 'ਤੇ ਸੂਚੀਬੱਧ ਸੰਸਥਾਵਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰੋ।
4. ਜੇਕਰ ਤੁਹਾਡੀ ਅਰਜ਼ੀ ਮੰਨਜ਼ੂਰ ਹੋ ਜਾਂਦੀ ਹੈ, ਤਾਂ ਅਸੀਂ ਤੁਹਾਨੂੰ $100 ਭੇਜਾਂਗੇ।

### ਯੋਗ ਰਿਆਇਤੀ ਕਾਰਡ




*ਇਮੀਕਾਰਡ ਅਤੇ ਆਸਟ੍ਰੇਲੀਆ ਦਾ ਵੀਜ਼ਾ ਵੀ ਸਵੀਕਾਰ ਕੀਤਾ ਜਾਂਦਾ ਹੈ।

## ਕੀ ਤੁਹਾਨੂੰ $100 ਦੇ ਭੁਗਤਾਨ ਲਈ ਅਰਜ਼ੀ ਦੇਣ ਵਿੱਚ ਮੱਦਦ ਦੀ ਲੋੜ ਹੈ?

### ਫ਼ੋਨ ਰਾਹੀਂ ਸਹਾਇਤਾ:

**ਵਿਕਟੋਰੀਅਨ ਐਨਰਜੀ ਕੰਪੇਅਰ ਹੈਲਪਲਾਈਨ** – 1800 000 832

ਵਿਕਟੋਰੀਅਨ ਐਨਰਜੀ ਕੰਪੇਅਰ ਹੈਲਪਲਾਈਨ, ਵਿਕਟੋਰੀਆ ਦੇ ਕਾਰੋਬਾਰਾਂ ਅਤੇ ਪਰਿਵਾਰਾਂ ਨੂੰ ਉਨ੍ਹਾਂ ਲਈ ਸਭ ਤੋਂ ਵਧੀਆ ਊਰਜਾ ਸੌਦਾ ਲੱਭਣ ਲਈ ਵਿਕਟੋਰੀਅਨ ਐਨਰਜੀ ਕੰਪੇਅਰ ਵੈੱਬਸਾਈਟ ਦੀ ਵਰਤੋਂ ਕਰਨ ਵਿੱਚ ਸਹਾਇਤਾ ਕਰਦੀ ਹੈ। ਇਹ ਹੈਲਪਲਾਈਨ $100 ਦੇ ਪਾਵਰ ਸੇਵਿੰਗ
ਬੋਨਸ ਬਾਰੇ ਜਾਣਕਾਰੀ ਅਤੇ ਸਲਾਹ ਵੀ ਪ੍ਰਦਾਨ ਕਰਦੀ ਹੈ, ਜਿਸ ਵਿੱਚ ਯੋਗ ਪਰਿਵਾਰਾਂ ਨੂੰ ਫ਼ੋਨ 'ਤੇ ਅਰਜ਼ੀ ਦੇਣ ਲਈ ਸਿੱਧੀ ਸਹਾਇਤਾ ਦੇਣਾ ਸ਼ਾਮਲ ਹੈ।

### ਵਿਅਕਤੀਗਤ ਸਹਾਇਤਾ

**ਨੇਬਰਹੁੱਡ ਹਾਊਸਜ਼ ਵਿਕਟੋਰੀਆ** - 1800 000 832 'ਤੇ ਕਾਲ ਕਰਕੇ ਜਾਂ compare.energy.vic.gov.au/psb-outreach 'ਤੇ ਜਾ ਕੇ ਆਪਣੇ ਨੇੜੇ ਕੋਈ ਹਿੱਸਾ ਲੈਣ ਵਾਲਾ ਕੇਂਦਰ ਲੱਭੋ।

ਨੇਬਰਹੁੱਡ ਹਾਊਸ ਸਮਰਪਿਤ ਵਲੰਟੀਅਰਾਂ ਦੁਆਰਾ ਚਲਾਈਆਂ ਜਾਂਦੀਆਂ ਸਥਾਨਕ ਭਾਈਚਾਰਕ-ਅਧਾਰਿਤ ਸੰਸਥਾਵਾਂ ਹੁੰਦੀਆਂ ਹਨ ਜੋ ਹਰ ਉਮਰ, ਯੋਗਤਾਵਾਂ ਅਤੇ ਪਿਛੋਕੜ ਦੇ ਲੋਕਾਂ ਲਈ ਕਈ ਤਰ੍ਹਾਂ ਦੀਆਂ ਸਮਾਜਿਕ, ਵਿਦਿਅਕ, ਮਨੋਰੰਜਨ ਅਤੇ ਸਹਾਇਤਾ ਗਤੀਵਿਧੀਆਂ ਦੀ ਪੇਸ਼ਕਸ਼ ਕਰਦੀਆਂ ਹਨ।

## ਕੀ ਤੁਹਾਨੂੰ ਆਪਣੇ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਮੁਸ਼ਕਲ ਆ ਰਹੀ ਹੈ?

ਐਨਰਜੀ ਸਹਾਇਤਾ ਪ੍ਰੋਗਰਾਮ ਇੱਕ ਮੁਫ਼ਤ ਫ਼ੋਨ ਸੇਵਾ ਹੈ, ਜੋ ਐਂਗਲੀਕੇਅਰ ਵਿਕਟੋਰੀਆ ਦੇ ਸਹਿਯੋਗ ਨਾਲ ਚਲਾਈ ਜਾਂਦੀ ਹੈ। ਇਹ ਪ੍ਰੋਗਰਾਮ ਤੁਹਾਨੂੰ ਆਪਣੇ ਊਰਜਾ ਦੇ ਬਿੱਲਾਂ 'ਤੇ ਪੈਸੇ ਬਚਾਉਣ ਵਿੱਚ ਮੱਦਦ ਕਰ ਸਕਦਾ ਹੈ। ਇਹ ਸੇਵਾ ਉਹਨਾਂ ਘਰਾਂ ਲਈ ਉਪਲਬਧ ਹੈ ਜੋ ਘੱਟ ਆਮਦਨ ਵਾਲੇ ਹਨ ਜਾਂ ਜਿਨ੍ਹਾਂ ਨੂੰ ਆਪਣੇ ਊਰਜਾ ਦੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਮੁਸ਼ਕਲ ਆ ਰਹੀ ਹੈ।

ਇਹ ਪ੍ਰੋਗਰਾਮ ਹੇਠ ਲਿਖੇ ਕੰਮਾਂ ਵਿੱਚ ਤੁਹਾਡੀ ਵਿਅਕਤੀਗਤ ਮੱਦਦ ਕਰ ਸਕਦਾ ਹੈ:

- ਯੋਗਤਾ ਵਾਲੀਆਂ ਰਿਆਇਤਾਂ ਅਤੇ ਗ੍ਰਾਂਟਾਂ ਲਈ ਅਰਜ਼ੀ ਦੇਣ ਲਈ
- ਆਪਣੇ ਰਿਟੇਲਰ ਦੇ ਵਿੱਤੀ ਤੰਗੀ ਵਾਲੇ ਪ੍ਰੋਗਰਾਮਾਂ ਤੱਕ ਪਹੁੰਚ ਕਰਨ ਲਈ
- ਬਿਹਤਰ ਊਰਜਾ ਆਫ਼ਰਾਂ ਨੂੰ ਲੱਭਣਾ, ਤੁਲਨਾ ਕਰਨਾ ਅਤੇ ਉਨ੍ਹਾਂ ਵੱਲ ਬਦਲਣ ਲਈ
- ਊਰਜਾ ਬਿੱਲਾਂ ਨੂੰ ਸਮਝਣ ਅਤੇ ਬਿੱਲਾਂ ਦੀਆਂ ਗ਼ਲਤੀਆਂ ਨੂੰ ਠੀਕ ਕਰਨ ਲਈ
- ਘਰ ਵਿੱਚ ਊਰਜਾ ਦੀ ਬੱਚਤ ਕਰਨ ਲਈ
- ਵਿੱਤੀ ਮੱਦਦ ਜਾਂ ਸਲਾਹਕਾਰ ਸੇਵਾਵਾਂ ਵਰਗੀਆਂ ਸਹਾਇਕ ਸੇਵਾਵਾਂ ਤੱਕ ਪਹੁੰਚ ਕਰਨ ਲਈ।



ਆਪਣੇ ਊਰਜਾ ਬਿੱਲਾਂ ਵਿੱਚ ਮੱਦਦ ਪ੍ਰਾਪਤ ਕਰਨ ਲਈ, ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਤੋਂ ਸ਼ਾਮ 5 ਵਜੇ ਤੱਕ (ਜਨਤਕ ਛੁੱਟੀਆਂ ਨੂੰ ਛੱਡ ਕੇ) 1800 161 215 'ਤੇ ਕਾਲ ਕਰੋ।

© ਵਿਕਟੋਰੀਆ ਸਰਕਾਰ ਦਾ ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ ਅਗਸਤ 2025

**ISBN** 978-1-76176-508-7 **(Print)**
**ISBN** 978-1-76176-509-4 **(pdf/online/MS word)**

**ਬੇਦਾਅਵਾ**
ਇਹ ਪ੍ਰਕਾਸ਼ਨ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ ਪਰ ਵਿਕਟੋਰੀਆ ਰਾਜ ਅਤੇ ਇਸਦੇ ਕਰਮਚਾਰੀ ਇਸ ਗੱਲ ਦੀ ਗਾਰੰਟੀ ਨਹੀਂ ਦਿੰਦੇ ਕਿ ਇਹ ਪ੍ਰਕਾਸ਼ਨ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਤੋਂ ਰਹਿਤ ਹੈ ਜਾਂ ਇਹ ਤੁਹਾਡੇ ਵਿਸ਼ੇਸ਼ ਉਦੇਸ਼ਾਂ ਲਈ ਪੂਰੀ ਤਰ੍ਹਾਂ ਢੁਕਵਾਂ ਹੈ ਅਤੇ ਇਸ ਲਈ ਇਸ ਪ੍ਰਕਾਸ਼ਨ ਵਿੱਚ ਕਿਸੇ ਵੀ ਜਾਣਕਾਰੀ 'ਤੇ ਭਰੋਸਾ ਕਰਨ ਨਾਲ ਪੈਦਾ ਹੋਣ ਵਾਲੀ ਕਿਸੇ ਵੀ ਗ਼ਲਤੀ, ਨੁਕਸਾਨ ਜਾਂ ਹੋਰ ਨਤੀਜੇ ਲਈ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਦੇ ਹਨ।

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ, ਅਨੁਵਾਦ ਅਤੇ ਦੋਭਾਸ਼ੀਆਂ ਸੇਵਾਵਾਂ (TIS) ਨਾਲ 131 450 'ਤੇ ਸੰਪਰਕ ਕਰੋ।

VICTORIA State Government

2052